ਨੰ: 26/6/2014-ਆਰ.ਵੀ.ਏ(ਰਾਜ-1)/1408202/1

ਪੰਜਾਬ ਸਰਕਾਰ

ਆਮ ਰਾਜ ਪ੍ਰਬੰਧ ਵਿਭਾਗ

(ਰਾਜਨੀਤੀ-1 ਸ਼ਾਖਾ)

ਮਿਤੀ: ਚੰਡੀਗੜ੍ਹ: 31.01.2019

ਸੇਵਾ ਵਿਖੇ

ਰਾਜ ਦੀਆਂ ਡਵੀਜਨਾਂ ਦੇ ਕਮਿਸ਼ਨਰਜ਼,
ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼,
ਸਬ-ਡਵੀਜਨਲ ਮੈਜਿਸਟ੍ਰੇਟ।

CE/HIS & D
CE/P&M
Sr. PS
Director/Admin.

ਵਿਸ਼ਾ:- **ਪੰਜਾਬ ਸਰਕਾਰ ਦੇ ਸਰਕਟ ਹਾਊਸ/ਗੈੱਸਟ ਹਾਊਸਾਂ ਵਿੱਚ ਆਨ-ਲਾਈਨ ਰਿਜਰਵੇਸ਼ਨ Online Portal ਵਿੱਚ ਕੀਤੀ ਗਈ ਸੋਧ ਸਬੰਧੀ।**

*****

ਸ਼੍ਰੀ ਮਾਨ ਜੀ,

ਮੈਨੂੰ ਹਦਾਇਤ ਹੋਈ ਹੈ ਕਿ ਆਪ ਜੀ ਨੂੰ ਸੂਚਿਤ ਕਰਾਂ ਕਿ ਪਿਛਲੇ ਕੁਝ ਸਮੇਂ ਤੋਂ ਰਾਜ ਦੇ ਮੰਤਰੀਆਂ/ਐਮ.ਐਲ.ਏਜ਼/ਅਧਿਕਾਰਤ ਸਖਸੀਅਤਾਂ ਅਤੇ ਆਮ ਜਨਤਾ ਵੱਲੋਂ ਪੰਜਾਬ ਸਰਕਾਰ ਦੇ ਸਰਕਟ ਹਾਊਸਾਂ/ਗੈੱਸਟ ਹਾਊਸਾਂ ਵਿੱਚ ਜਾਅਲੀ (Fake) ਨਾਮ ਤੇ ਰਿਜਰਵੇਸ਼ਨ ਸਬੰਧੀ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਸਨ। ਮਾਮਲੇ ਤੇ ਵਿਚਾਰ ਕਰਨ ਉਪਰੰਤ ਸਰਕਾਰ ਵੱਲੋਂ ਰਿਜਰਵੇਸ਼ਨ ਪੋਰਟਲ ਵਿੱਚ ਹੇਠ ਦਰਸਾਏ ਅਨੁਸਾਰ ਸੋਧਾਂ ਕਰਨ ਦਾ ਫੈਸਲਾ ਕੀਤਾ ਗਿਆ ਹੈ:-

(ੳ) ਆਨ ਲਾਈਨ ਪੋਰਟਲ ਵਿੱਚ ਰਿਜਰਵੇਸ਼ਨ ਸਬੰਧੀ ਰੈਕੂਜੇਸ਼ਨ ਦੇਣ ਸਮੇਂ ਬਿਨੈਕਾਰ ਵੱਲੋਂ ਇਹ ਸਪੱਸ਼ਟ ਕੀਤਾ ਜਾਵੇਗਾ ਕਿ ਉਹ Self/Family Members/Guest ਲਈ ਬੁਕਿੰਗ ਕਰ ਰਹੇ ਹਨ।

(ਅ) ਆਨ ਲਾਈਨ ਪੋਰਟਲ ਵਿੱਚ ਰਿਜਰਵੇਸ਼ਨ ਸਬੰਧੀ ਰੈਕੂਜੇਸ਼ਨ ਦੇਣ ਸਮੇਂ ਬਿਨੈਕਾਰ ਵੱਲੋਂ ਰਾਜ ਸਰਕਾਰ/ਕੇਂਦਰੀ ਸਰਕਾਰ ਵੱਲੋਂ ਜਾਰੀ ਕੀਤਾ ਗਿਆ ਕੋਈ ਵੀ ਫੋਟੋ ਸ਼ਨਾਖਤੀ ਕਾਰਡ ਦਾ ਨੰਬਰ ਭਰਨਾ ਲਾਜਮੀ ਹੋਵੇਗਾ।

(ੲ) ਜਿਸ ਵਿਅਕਤੀ ਵੱਲੋਂ ਅਕੋਮੋਡੇਸ਼ਨ ਅਵੇਲ ਕੀਤੀ ਜਾਵੇਗੀ, ਉਸ ਵੱਲੋਂ ਆਨ ਲਾਈਨ ਪੋਰਟਲ ਵਿੱਚ ਦਿੱਤੀ ਗਈ ਜਾਣਕਾਰੀ ਦੇ ਆਧਾਰ ਤੇ ਫੋਟੋ ਸ਼ਨਾਖਤੀ ਕਾਰਡ ਦੀ ਕਾਪੀ ਸਬੰਧਤ ਸਰਕਟ ਹਾਊਸ/ਗੈੱਸਟ ਹਾਊਸ ਦੇ ਸੁਪਰਵਾਈਜਰ ਨੂੰ ਮੁਹੱਈਆ ਕਰਵਾਉਣੀ ਲਾਜਮੀ ਹੋਵੇਗੀ।

2. ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਰਿਜਰਵੇਸ਼ਨ ਪੋਰਟਲ ਵਿੱਚ ਕੀਤੀਆ ਗਈਆਂ ਉਕਤ ਸੋਧਾਂ ਆਪਣੇ ਅਧੀਨ ਆਉਂਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿੱਚ ਲਿਆਉਂਦੇ ਹੋਏ ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਕਰਨਾ ਯਕੀਨੀ ਬਣਾਉਣ ਸਬੰਧੀ ਆਦੇਸ਼ ਦੇਣ ਦੀ ਖੇਚਲ ਕੀਤੀ ਜਾਵੇ।

3. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਆਪ ਜੀ ਦਾ ਵਿਸ਼ਵਾਸ਼ਪਾਤਰ

ਅਧੀਨ ਸਕੱਤਰ

Dy. C.E./HR & Admn.
Dy. C.E./S&D
Dy. GM/IT
P.S.

CE/HIS& D

Diary No. 531 /CE/HIS&D
Dtd. 21.02.19

Diary No. 151 P.S.D/Admn
PSTCL Dt. 20/02/2019

ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

ਅਧੀਨ ਸਕੱਤਰ 31.1.19

ਸੇਵਾ ਵਿਖੇ

1. ਰਾਜ ਦੇ ਸਮੂਹ ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ/ਸਕੱਤਰ।
2. ਸਮੂਹ ਵਿਭਾਗਾਂ ਦੇ ਮੁੱਖੀ/ਸਕੱਤਰ, ਪੰਜਾਬ ਵਿਧਾਨ ਸਭਾ ਸਕੱਤਰੇਤ।
3. ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ।
4. ਪੰਜਾਬ ਰਾਜ ਦੀਆਂ ਸਮੂਹ ਕਾਰਪੋਰੇਸ਼ਨਾਂ/ਬੋਰਡਾਂ ਦੇ ਮੈਨੇਜਿੰਗ ਡਾਇਰੈਕਟਰ/ਸਥਾਨਕ ਕਮਿਸ਼ਨਰ, ਪੰਜਾਬ ਭਵਨ, ਨਵੀਂ ਦਿੱਲੀ/ਵਿਸ਼ੇਸ਼ ਸਕੱਤਰ/ਸਕੱਤਰ/ਨਿੱਜੀ ਸਕੱਤਰ/ਮੰਤਰੀ ਸਾਹਿਬਾਨਜ਼/ਉੱਪ ਸਕੱਤਰ/ਅਧੀਨ ਸਕੱਤਰ।

ਨੰ: 26/6/2014-ਆਰ.ਵੀ.ਏ(ਰਾਜ-1)/1408202/2 ਮਿਤੀ: ਚੰਡੀਗੜ੍ਹ : 31.01.2019

ਇਸ ਦਾ ਇੱਕ ਉਤਾਰਾ ਸੂਚਨਾ ਤੇ ਲੋਕ ਸੰਪਰਕ ਵਿਭਾਗ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ 31.1.19

ਨੰ: 26/6/2014-ਆਰ.ਵੀ.ਏ(ਰਾਜ-1)/1408202/3 ਮਿਤੀ: ਚੰਡੀਗੜ੍ਹ : 31.01.2019

ਨੰ: 26/6/2014-ਆਰ.ਵੀ.ਏ(ਰਾਜ-1)/1408202/4 ਮਿਤੀ: ਚੰਡੀਗੜ੍ਹ : 31.01.2019

ਇਸ ਦਾ ਇੱਕ ਉਤਾਰਾ ਡਾਇਰੈਕਟਰ, ਪ੍ਰਾਹੁਣਾਚਾਰੀ ਵਿਭਾਗ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਸਮੂਹ ਸਰਕਟ ਹਾਊਸਾਂ/ਗੈੱਸਟ ਹਾਊਸਾਂ ਦੇ ਸੁਪਰਵਾਈਜਰਾਂ ਨੂੰ ਉਕਤ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਯੋਗ ਆਦੇਸ਼ ਕਰਨ।

ਅਧੀਨ ਸਕੱਤਰ 31.1.19